IB DIPLOMA PROGRAMME
PROGRAMME DU DIPLÔME DU BI
PROGRAMA DEL DIPLOMA DEL BI

M05/1/A1PUN/SP1/PAN/TZ0/XX

22050239

**PUNJABI A1 – STANDARD LEVEL – PAPER 1**
**PANJABI A1 – NIVEAU MOYEN – ÉPREUVE 1**
**PUNJABI A1 – NIVEL MEDIO – PRUEBA 1**

Tuesday 3 May 2005 (morning)
Mardi 3 mai 2005 (matin)
Martes 3 de mayo de 2005 (mañana)

1 hour 30 minutes / 1 heure 30 minutes / 1 hora 30 minutos

---

INSTRUCTIONS TO CANDIDATES

- Do not open this examination paper until instructed to do so.
- Write a commentary on one passage only. It is not compulsory for you to respond directly to the guiding questions provided. However, you may use them if you wish.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Rédigez un commentaire sur un seul des passages. Le commentaire ne doit pas nécessairement répondre aux questions d'orientation fournies. Vous pouvez toutefois les utiliser si vous le désirez.

INSTRUCCIONES PARA LOS ALUMNOS

- No abra esta prueba hasta que se lo autoricen.
- Escriba un comentario sobre un solo fragmento. No es obligatorio responder directamente a las preguntas que se ofrecen a modo de guía. Sin embargo, puede usarlas si lo desea.

**ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਤੇ ਟਿੱਪਣੀ ਲਿਖੋ ।**

1 (ੳ)

ਪਾਲ ਨੇ ਮੇਰੇ ਕੋਲ ਇਸ ਗੱਲ ਨੂੰ ਉੱਕਾ ਨਹੀਂ ਸੀ ਦੱਸਿਆ । ਖ਼ਬਰੇ ਸਤਿਨਾਮ ਨੇ ਜ਼ਬਾਨੀ ਉਸ ਨੂੰ ਕੁਝ ਕਿਹਾ ਹੀ ਨਾ ਹੋਵੇ ਜਾਂ ਪਾਲ ਨੇ ਹੀ ਇਹ ਗੱਲ ਮੇਰਾ ਦੋਸਤ ਹੋਣ ਕਰਕੇ ਜ਼ਾਹਰ ਨਾ ਕੀਤੀ ਹੋਵੇ । ਉਹ ! ਨਹੀਂ, ਪਾਲ ਨੇ ਇੱਕ ਵਾਰ ਕਿਹਾ ਤਾਂ ਸੀ, "ਉਹ ਦੋਸਤ ਦੀ ਸਭ ਤੋਂ ਪਿਆਰੀ ਚੀਜ਼ ਖੋਹ ਲੈਣ ਲਈ ਵੀ ਕਾਹਲਾ ਹੈ ।" ਪਾਲ ਕਿੰਨੀ ਚੰਗੀ, ਜਿਸ ਨੇ ਸਤਿਨਾਮ ਬਾਰੇ ਸਭ ਕੁਝ ਲਕੋ ਰੱਖਿਆ । ਉਹ ਮੇਰੇ ਦਿਲ ਨੂੰ ਸਮਝਦੀ ਸੀ, ਜੋ ਆਪਣੇ ਦੋਸਤ ਦੀ ਅਜਿਹੀ ਗੱਲ ਸੁਣ ਕੇ ਕਿੰਨਾ ਕੁ ਦੁੱਖ ਹੋਵੇਗਾ, ਪਰ ਸਤਿਨਾਮ ਦੋਸਤੀ ਦੇ ਨਿਸ਼ਾਨੇ ਤੋਂ ਦੂਰ ਕਿਵੇਂ ਜਾ ਪਿਆ ।

ਪਿਆਰੇ ਦੋਸਤ,

ਤੂੰ ਪਿਆਰੇ ਹੋਣ ਦੀ ਹੈਸੀਅਤ ਤਾਂ ਗਵਾ ਚੁੱਕਾ ਏਂ, ਪਰ ਤੇਰੀ ਮੁਹੱਬਤ ਮੇਰੇ ਮਨ ਵਿੱਚ ਅਜੇ ਵੀ ਘੱਟ ਨਹੀਂ ਹੋਈ । ਮੈਨੂੰ ਤੇਰੇ ਤੇ ਹੱਦੋਂ ਵੱਧ ਅਫਸੋਸ ਹੈ । ਤੈਨੂੰ ਵੀ ਹੋਵੇਗਾ, ਕਿਉਂਕਿ ਪਾਲ ਬਾਰੇ ਤੇਰੇ ਖਿਆਲ ਮੈਥੋਂ ਗੁਝੇ ਨਹੀਂ ਰਹੇ, ਤੂੰ ਉਨ੍ਹਾਂ ਨੂੰ ਛੁਪਾਣ ਦਾ ਭਾਵੇਂ ਲੱਖ ਯਤਨ ਕੀਤਾ ।

ਦੋਸਤ ਕੀ ਹੁੰਦਾ ਹੈ ? ਇੱਕ ਦੁੱਖੀ ਮਨ ਦਾ ਆਰਾਮ ਟਿਕਾਣਾ ਜਾਂ ਮਜ਼ਲੂਮ ਲਈ ਨਿੱਘੀ ਪਨਾਹ । ਜ਼ਿੰਦਗੀ ਦੇ ਆਦਰਸ਼ ਨੂੰ ਪਾਉਣ ਲਈ ਸਾਹਸ ਤੇ ਬਲ । ਪ੍ਰਿਯ ਤੋਂ ਉੱਤਰ ਕੇ ਦੋਸਤ ਸਭ ਕੁਝ ਹੈ, ਦੋਸਤ ਪ੍ਰਿਯ ਵਰਗੀ ਹੀ ਇੱਕ ਮਿੱਠੀ ਤਸੱਲੀ ਹੈ । ਸਮਾਜਕ ਤੇ ਆਰਥਕ ਨੁਕਤਾ ਨਿਗਾਹ ਤੋਂ ਸਾਰੇ ਸੰਕਟਾਂ ਨੂੰ ਚੀਰ ਕੇ ਮਨੁੱਖੀ ਦਿਲ ਕੋਲ ਪਹੁੰਚਿਆ ਸੰਦੇਸ਼ ਹੈ ।

ਪਤਨੀ ਕੀ ਹੈ ? ਜੀਵਨ ਦਾ ਪੂਰਨ ਅੱਧ, ਵਫ਼ਾ ਦੇ ਸਾਥ ਵਿੱਚ ਨਿਰੋਲ ਮਿਠਾਸ ਅਤੇ ਆਪਣੇ ਆਪ ਵਿੱਚ ਪੂਰਨ ਕਾਮਯਾਬੀ । ਸ਼ਾਇਦ ਤੂੰ ਇਸ ਗੱਲ ਨੂੰ ਮਹਿਸੂਸ ਨਹੀਂ ਕਰਦਾ ਕਿ ਜਦੋਂ ਇੱਕ ਪਤੀ ਆਪਣੀਆਂ ਪਿਆਰ ਬਾਹਾਂ ਪਤਨੀ ਦੇ ਗਲੋਂ ਤੋੜ ਕੇ ਕਿਸੇ ਹੋਰ ਵੱਲ ਵਧਾਂਦਾ ਹੈ, ਓਦੋਂ ਰਬ ਦਿਲ ਦੁਖੀ ਹੋ, ਪਾਣੀ ਦੀ ਸ਼ਕਲ ਵਿੱਚ ਇਸਤਰੀਆਂ ਦੀਆਂ ਅੱਖਾਂ ਭਰਦਾ ਹੈ ।

ਤੂੰ ਅੱਜ ਕਲ੍ਹ ਇੱਕ ਬੱਚੇ ਦਾ ਬਾਪ ਹੋਣ ਵਾਲਾ ਏਂ । ਇੱਕ ਪਲ ਲਈ ਸੋਚ, ਜੇ ਤੇਰੀ ਭਾਵਨਾ ਅਸਲੀਅਤ ਵਿੱਚ ਬਦਲ ਜਾਵੇ ਅਤੇ ਇੱਕ ਜ਼ਮਾਨਾ ਬੀਤ ਜਾਵੇ , ਉਸ ਵੇਲੇ ਤੇਰੇ ਜਵਾਨ ਬੱਚੇ ਨੂੰ ਦੁਨੀਆਂ ਉਸ ਬਾਪ ਦਾ ਪੁੱਤਰ ਕਹੇਗੀ ਜਿਹੜਾ ਆਪਣੀ ਸੁਸ਼ੀਲ ਪਤਨੀ ਤੋਂ ਮੂੰਹ ਮੋੜ ਕੇ ਵਿਭਚਾਰ ਲਈ ਕਦੇ ਮਜ਼ਬੂਰ ਹੋਇਆ ਸੀ । ਪਾਲ ਦੇ ਦਿਲ ਨੂੰ ਤੂੰ ਸਮਝਿਆ ਨਹੀਂ । ਉਹ ਸਧਾਰਨ ਮਨੁੱਖੀ ਨਜ਼ਰ ਤੋਂ ਕੁਝ ਉਚੇਰਾ ਮਾਣ ਹੈ । ਇੱਕ ਪਲ ਲਈ ਹੋਰ ਸੋਚ ਕਿ ਜੇ ਤੂੰ ਐਸ਼ ਲਈ ਮਜ਼ਬੂਰ ਏਂ, ਤਦ ਤੇਰੀ ਪਤਨੀ ਲਈ ਜੀਵਨ ਸੁਖ

ਦੇ ਸਭ ਦਰਵਾਜ਼ੇ ਬੰਦ ਹੋ ਜਾਣਗੇ। ਠੀਕ ਏਹੀ ਹੈ ਕਿ ਉਸ ਨੂੰ ਵੀ ਫਿਰ ਆਪਣੇ ਵਰਗੀ ਖੁਲ੍ਹ ਦੇ ਛੱਡ। ਪਰ ਅਜਿਹਾ ਤੂੰ ਕਰਨਾ ਤਾਂ ਕਿਤੇ, ਸੁਣ ਕੇ ਸਹਾਰ ਵੀ ਨਹੀਂ ਸਕਦਾ। ਇੱਕ ਗੁਨਾਹਗਾਰ ਵਿਭਚਾਰੀ ਮਰਦ ਨੂੰ ਇਸਤਰੀ ਮੁਆਫ਼ ਕਰ ਦੇਂਦੀ ਹੈ, ਪਰ ਮਰਦ ਉਸਦੀ ਮਾਮੂਲੀ ਹਰਕਤ ਤੋਂ ਔਖਾ ਹੋ ਕੇ ਉਸ ਨੂੰ ਸਦਾ ਲਈ ਤਿਆਗ ਦਿੰਦਾ ਹੈ।

ਕੀ ਤੇਰੇ ਰੰਗੀਨ ਖਿਆਲ ਵਾਂਗ ਸਾਰੀ ਦੁਨੀਆਂ ਹੀ ਸੁਹਣੀਆਂ ਇਸਤਰੀਆਂ ਤੇ ਡੁੱਲ ਜਾਏ, ਦੁਨੀਆਂ ਤੇ ਖਲਬਲੀ ਨਾ ਮਚ ਜਾਏ। ਜੇ ਤੇਰੇ ਵਰਗਾ ਸਿਆਣਾ ਆਦਮੀ ਸੁਸਾਇਟੀ ਦਾ ਅੰਗ ਤੋੜ ਦੇਵੇ, ਫਿਰ ਅਨਪੜ੍ਹ ਤੇ ਮੂਰਖ ਤਾਂ ਇਖਲਾਕ ਦਾ ਸਤਿਆਨਾਸ ਕਰ ਸੁੱਟਣਗੇ। ਮੈਂ ਤੇਰੀ ਇਸ ਗਲਤ ਭਾਵਨਾ ਨੂੰ ਖਤਮ ਕਰਨ ਲਈ ਚੇਤਾਵਨੀ ਭੇਜਦਾ ਹਾਂ। ਕਿਉਂਕਿ ਜਿਹੜੀ ਅੱਜ ਕਲਪਨਾ ਹੈ, ਉਹ ਕਲ੍ਹ ਅਸਲੀਅਤ ਵੀ ਹੋ ਸਕਦੀ ਹੈ। ਹੋ ਸਕਦਾ ਹੈ ਪਾਲ ਦੀ ਥਾਂ ਕੋਈ ਹੋਰ ਦਿਆਲ ਹੋ ਜਾਵੇ। ਮਨੁੱਖ ਦਾ ਮਨ ਜਦੋਂ ਉਸ ਦੇ ਕਾਬੂ ਤੋਂ ਹਿੱਲ ਜਾਵੇ, ਫਿਰ ਟਿਕਾਅ ਮੁਸ਼ਕਲ ਹੋ ਜਾਂਦਾ ਹੈ।

ਮੈਂ ਕਲ੍ਹ ਭਰਤੀ ਹੋ ਕੇ ਪਤਾ ਨਹੀਂ ਕਿੱਥੇ ਜਾ ਰਿਹਾ ਹਾਂ। ਮੈਂ ਆਸ਼ਾ ਕਰਦਾ ਹਾਂ ਤੂੰ ਦੋਸਤ ਨੂੰ ਜੀਵਨ ਦੇ ਸਹੀ ਨਜ਼ਰੀਏ ਤੋਂ ਪਛਾਣਦਾ ਹੋਇਆ ਨਹੀਂ ਭੁਲੇਂਗਾ।

- ਤੈਨੂੰ ਸਹੀ ਰਾਹ ਤੇ ਦੇਖਣ ਦਾ ਚਾਹਵਾਨ
ਬਲਬੀਰ

**"ਪਾਲੀ" ਜਸਵੰਤ ਸਿੰਘ ਕੰਵਲ 1998**
**ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅਮ੍ਰਿਤਸਰ।**

– ਇਸ ਵਾਰਤਾ ਰਾਹੀਂ ਲੇਖਕ ਨੇ ਕਿਹੜੀ ਗੱਲ ਕਹਿਣ ਦਾ ਯਤਨ ਕੀਤਾ ਹੈ ?

– ਸਤਿਨਾਮ ਅਤੇ ਬਲਬੀਰ ਦੇ ਚਰਿੱਤਰ ਦੀ ਉਸਾਰੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

– ਇਸ ਵਾਰਤਾ ਵਿੱਚ ਵਰਤੀ ਗਈ ਸ਼ਬਦਾਵਲੀ ਤੇ ਬੋਲੀ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

– ਲੇਖਕ ਵਲੋਂ ਆਪ ਕਹਾਣੀ ਨੂੰ ਬਿਆਨ ਕਰਨਾ ਪਾਠਕ ਦੇ ਕਹਾਣੀ ਨੂੰ ਚੰਗੀ ਤਰ੍ਹਾਂ ਸਮਝਣ ਵਾਸਤੇ ਕਿਸ ਤਰ੍ਹਾਂ ਸਹਾਇਤਾ ਕਰਦਾ ਹੈ ?

1 (ਅ)

## ਸੁਹਾਂ ਦੀ ਕੰਧੀ

ਬੈਠ ਸੁਹਾਂ ਦੀ ਉੱਚੀ ਕੰਧੀ,
ਹੋਸ਼ ਨਾ ਰਹਿੰਦੀ ਦੁਨੀਆਂ ਸੰਦੀ,
ਜਿਉਂ ਜਿਉਂ ਰੁਮਕੇ ਹਵਾ ਪੁਰੇ ਦੀ,
ਤਿਉਂ ਤਿਉਂ ਆਵਣ ਪਿਆਰੀ,
ਯਾਦਾਂ ਤੇਰੀਆਂ :

ਤੱਕ ਸੁਹਾਂ ਦੇ ਵਿੰਗ ਵਲਾਵੇਂ,
ਦੇਖ ਦੇਖ ਢਲਦੇ ਪਰਛਾਵੇਂ,
ਗੇੜ ਸਮੇਂ ਦੇ ਆਵਣ ਸਾਹਵੇਂ,
ਨਿਕਲ ਜਾਣ ਫਿਰ ਆਪੇ
ਚੀਕਾਂ ਮੇਰੀਆਂ ।

ਤੱਕ ਪਾਣੀ ਦੀ ਤੇਜ਼ ਰਵਾਨੀ,
ਆਵੇ ਤੇਰੀ ਯਾਦ ਜਵਾਨੀ,
ਜਿਉਂ ਜਿਉਂ ਪੈਂਦੀ ਘੁੰਮਣ ਵਾਣੀ,
ਤਿਉਂ ਤਿਉਂ ਆਵਣ ਚੇਤੇ
ਵੰਗਾਂ ਤੇਰੀਆਂ ।

ਦੇਖ ਦੇਖ ਸੂਰਜ ਦਾ ਘੇਰਾ,
ਚੇਤੇ ਆਵੇ ਖੇਹ ਨੂੰ ਤੇਰਾ,
ਜਿਉਂ ਜਿਉਂ ਪੈਂਦਾ ਜਾਏ ਹਨੇਰਾ,
ਤਿਉਂ ਤਿਉਂ ਨ੍ਹੇਰ ਮਚਾਵਣ,
ਜ਼ੁਲਫ਼ਾਂ ਤੇਰੀਆਂ ।

ਦੁੱਖ ਤੇ ਦਰਦ ਵੰਡਾਉਣਾ ਤੇਰਾ
ਮੇਰੇ ਐਬ ਛੁਪਾਉਣਾ ਤੇਰਾ,
ਪਾ ਕੇ ਝਿੜਕ ਮਨਾਉਣਾ ਤੇਰਾ
ਕਰ ਕਰ ਚੇਤੇ ਜਿੰਦੜੀ,
ਖਾਵੇ ਘੇਰੀਆਂ ।

ਜੇ ਮੈਂ ਹੋਇਆ ਠੰਡਾ ਕੋਸਾ,
ਤੂੰ ਨਹੀਂ ਕੀਤਾ ਉੱਕਾ ਰੋਸਾ,
ਮੰਨਿਆਂ ਸਗੋਂ ਮੈਨੂੰ ਬੇ ਦੋਸ਼ਾ,
ਕਿਦਾਂ ਭੁਲਣ ਪਿਆਰੀ,
ਛੋਟਾਂ ਤੇਰੀਆਂ ।

ਡੁੱਬਾ ਸੂਰਜ ਪਿਆ ਹਨੇਰਾ,
ਕੱਲ ਇਸ ਨੇ ਮੁੜ ਪਾਉਣਾ ਫੇਰਾ
ਐਸਾ ਡੁੱਬਿਆ ਸੂਰਜ ਮੇਰਾ
ਫੇਰ ਨਾ ਜਿਸ ਨੇ ਪਾਈਆਂ
ਮੁੜ ਕੇ ਫੇਰੀਆਂ ।

ਚਲੇ ਘਰਾਂ ਨੂੰ ਪੰਛੀ ਸਾਰੇ,
ਦਿਲ ਦਾ ਪੰਛੀ ਪਿਆ ਪੁਕਾਰੇ,
ਥਾਂ ਥਾਂ ਭਟਕੇ, ਟੱਕਰਾਂ ਮਾਰੇ,
ਹਾਏ ! ਕਿੱਥੇ ਕਟਸੀ
ਰਾਤਾਂ ਨ੍ਹੇਰੀਆਂ ।

ਆਣ ਟਟਹਿਣੇ ਜੋਤ ਜਗਾਈ,
ਕਿਉਂ ਚਮਕੇਂ ਤੂੰ ਐਵੇਂ ਭਾਈ,
ਮੋਹਨ ਐਸੀ ਚੀਜ਼ ਗੰਵਾਈ,
ਲੱਭ ਨਾ ਸਕਣ ਜਿਸ ਨੂੰ
ਚਮਕਾਂ ਤੇਰੀਆਂ ।

**ਮੋਹਨ ਸਿੰਘ "ਸਾਵੇ ਪੱਤਰ" ਅਕਤੂਬਰ 1951, ਲਾਹੌਰ ਬੁਕ ਸ਼ਾਪ, 2 ਲਾਜਪਤ ਰਾਏ ਮਾਰਕੀਟ, (ਨੇੜੇ ਸੁਸਾਇਟੀ ਸਿਨੇਮਾ) ਲੁਧਿਆਣਾ ।**

– ਕਵੀ ਨੇ ਇਸ ਕਵਿਤਾ ਵਿੱਚ ਆਪਣੀ ਪ੍ਰੇਮਿਕਾ ਨਾਲ ਸਬੰਧਾਂ ਨੂੰ ਕਿਸ ਤਰਾਂ ਪੇਸ਼ ਕੀਤਾ ਹੈ?

– ਕਵੀ ਵਲੋਂ ਕਵਿਤਾ ਵਿੱਚ ਵਰਤੀ ਗਈ ਬੋਲੀ ਦੇ ਪ੍ਰਭਾਵ ਤੇ ਟਿੱਪਣੀ ਕਰੋ ।

– ਕਵਿਤਾ ਵਿੱਚ ਕਵੀ ਦੁਆਰਾ ਉਸਦੇ 'ਸੂਰਜ ਡੁੱਬਣ' ਤੋਂ ਤੁਸੀਂ ਕੀ ਸਮਝਦੇ ਹੋ ?

– ਇਸ ਕਵਿਤਾ ਨੇ ਤੁਹਾਡੇ ਦਿਲ ਤੇ ਕਿਸ ਤਰ੍ਹਾਂ ਦਾ ਪ੍ਰਭਾਵ ਪਾਇਆ ?